**ਤੁਰੰਤ:ਅਤਿ ਜਰੂਰੀ:ਮਿਤੀ-ਬੱਧ:**

**ਬਾਈਨੇਮ:ਈ-ਮੇਲ:ਫੈਕਸ ਰਾਂਹੀ:**

ਨੰ:ਈਸੀਸੀਡੀ/ਈ-2-ਪੰ-2011/5169-83 ਮਿਤੀ,ਚੰਡੀਗੜ੍ਹ: 21.7.2011

ਵਲੋਂ

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਵੱਲ

**ਸਿਵਲ ਸਰਜਨ**, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਫਿਰੋਜਪੁਰ, ਬਠਿੰਡਾ, ਸੰਗਰੂਰ, ਕਪੂਰਥਲਾ, ਹੁਸਿਆਰਪੁਰ, ਗੁਰਦਾਸਪੁਰ, ਫਰੀਦਕੋਟ, ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ), ਤਰਨਤਾਰਨ, ਬਰਨਾਲਾ, ਸ੍ਰੀ ਮੁਕਤਸਰ ਸਾਹਿਬ।

ਵਿਸ਼ਾ:- **ਰਾਸਟਰੀ ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ ਅਧੀਨ ਚੱਲ ਰਹੀ ਅਰਬਨ ਮਲੇਰੀਆ ਸਕੀਮ ਅਧੀਨ ਫੀਲਡ ਵਰਕਰ (ਗਰੁੱਪ-ਡੀ) ਨੂੰ ਉੱਕਾ-ਪੁੱਕਾ ਤਨਖਾਹ ਤੇ ਮਹੀਨਾਂ ਜੁਲਾਈ,2011 ਤੋਂ ਨਵੰਬਰ,2011 ਤੱਕ ਡੇਂਗੂ ਅਤੇ ਮਲੇਰੀਏ ਦੀ ਰੋਕਥਾਮ ਲਈ ਸਪਰੇ ਕਰਾਉਣ ਲਈ ਉੱਕਾ-ਪੁੱਕਾ ਤਨਖਾਹ ਤੇ ਨਿਯੁਕਤ ਕਰਨ ਬਾਰੇ।**

***

ਉਪਰੋਕਤ ਵਿਸੇ ਦੇ ਸਬੰਧ ਵਿੱਚ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ(ਸਿਹਤ-4 ਸਾਖਾ) ਨੇ ਆਪਣੇ ਮੀਮੋ ਨੰ: 1/23/2011-3ਸਸ4/2268, ਮਿਤੀ 19-7-2011 (ਫੋਟੋ-ਕਾਪੀ ਨੱਥੀ ਹੈ) ਰਾਂਹੀ ਰਾਸਟਰੀ ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ ਅਧੀਨ ਚੱਲ ਰਹੀ ਅਰਬਨ ਮਲੇਰੀਆ ਸਕੀਮ ਅਧੀਨ 470 ਫੀਲਡ ਵਰਕ(ਗਰੁੱਪ-ਡੀ) ਨੂੰ **3842/-ਰੁਪਏ ਪ੍ਰਤਿ-ਮਹੀਨਾਂ** ਉੱਕਾ-ਪੁੱਕਾ ਤਨਖਾਹ ਤੇ ਮਹੀਨਾਂ **ਜੁਲਾਈ, 2011 ਤੋਂ ਨਵੰਬਰ, 2011** ਤੱਕ ਡੇਂਗੂ ਅਤੇ ਮਲੇਰੀਏ ਦੀ ਰੋਕਥਾਮ ਲਈ ਸਪਰੇ ਕਰਾਉਣ ਲਈ ਨਿਯੁਕਤ ਕਰਨ ਅਤੇ ਤਨਖਾਹ ਦੀ ਅਦਾਇਗੀ ਲਈ 80.00 ਲੱਖ ਰੁਪਏ (ਅੱਸੀ ਲੱਖ ਰੁਪਏ ਕੇਵਲ) ਵਿਭਾਗ ਦੇ ਓਵਰਆਲ ਬਜਟ (ਨਾਨ-ਪਲਾਨ) ਵਿਚੋਂ ਪ੍ਰਵਾਨ ਕਰਨ ਦੀ ਸਹਿਮਤੀ ਦਿੱਤੀ ਹੈ।

2- ਉਪਰੋਕਤ ਸਰਕਾਰ ਵਲੋਂ ਜਾਰੀ ਕੀਤੀ ਗਈ ਪਵਾਨਗੀ ਦੇ ਸਨਮੁੱਖ, ਤੁਹਾਨੂੰ ਹਦਾਇਤ ਕੀਤੀ ਜਾਂਦੀ ਜਾਂਦੀ ਹੈ ਕਿ ਤੁਹਾਡੇ ਜਿਲੇ ਨਾਲ ਸਬੰਧਤ ਅਰਬਨ ਏਰੀਏ ਵਿੱਚ ਹੇਠਾਂ ਦਿੱਤੇ ਗਏ ਫੀਲਡ ਵਰਕਰ (ਗਰੁੱਪ-ਡੀ) ਨੂੰ ਮਹੀਨਾ ਜੁਲਾਈ, 2011 ਤੋਂ ਮਹੀਨਾਂ ਨਵੰਬਰ, 2011 ਤੱਕ ਡੇਂਗੂ ਅਤੇ ਮਲੇਰੀਏ ਦੀ ਰੋਕਥਾਮ ਲਈ ਸਪਰੇ ਕਰਾਉਣ ਲਈ ਤੁਰੰਤ ਹੇਠਾਂ ਦਿੱਤੀਆਂ ਗਈਆਂ ਨਿਰਧਾਰਤ ਸਰਤਾਂ ਦੇ ਆਧਾਰ ਤੇ ਨਿਯੁਕਤ ਕਰਨ ਲਈ, ਬਿਨ੍ਹਾਂ ਕਿਸੇ ਦੇਰੀ ਤੋਂ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ:-

| ਲੜੀ ਨੰ: | ਏਰੀਆ ਜਿਥੇ ਲਈ ਫੀਲਡ ਵਰਕਰ ਲੋੜੀਂਦੇ ਹਨ | ਫੀਲਡ ਵਰਕਰਾਂ ਦੀ ਗਿਣਤੀ |
|---|---|---|
| 1 | ਅੰਮ੍ਰਿਤਸਰ, | 15 |

| | | |
|---|---|---|
| 2 | ਜਲੰਧਰ | 20 |
| 3 | ਲੁਧਿਆਣਾ | 06 |
| 4 | ਜਗਰਾਓਂ(ਜਿਲਾ ਲੁਧਿਆਣਾ) | 21 |
| 5- | ਖੰਨਾ (ਜਿਲਾ ਲੁਧਿਆਣਾ) | 57 |
| 6- | ਪਟਿਆਲਾ | 10 |
| 7- | ਨਾਭਾ(ਜਿਲਾ ਪਟਿਆਲਾ) | 13 |
| 8- | ਰਾਜਪੁਰਾ (ਜਿਲਾ ਪਟਿਆਲਾ) | 02 |
| 9- | ਫਿਰੋਜਪੁਰ | 14 |
| 10- | ਬਠਿੰਡਾ | 13 |
| 11- | ਸੰਗਰੂਰ | 30 |
| 12- | ਮਲੇਰਕੋਟਲਾ(ਜਿਲਾ ਸੰਗਰੂਰ) | 03 |
| 13- | ਕਪੂਰਥਲਾ | 08 |
| 14- | ਫਗਵਾੜਾ (ਜਿਲਾ ਕਪੂਰਥਲਾ) | 24 |
| 15- | ਹੁਸਿਆਰਪੁਰ | 18 |
| 16- | ਗੁਰਦਾਸਪੁਰ | 06 |
| 17- | ਫਰੀਦਕੋਟ | 24 |
| 18- | ਸਾਹਿਬਜਾਦਾ ਅਜੀਤ ਸਿੰਘ ਨਗਰ(ਮੋਹਾਲੀ | 42 |
| 19- | ਤਰਨਤਾਰਨ | 72 |
| 20- | ਬਰਨਾਲਾ | 42 |
| 21- | ਮਲੋਟ (ਜਿਲਾ ਸ੍ਰੀ ਮੁਕਤਸਰ ਸਾਹਿਬ) | 30 |
| | ਕੁੱਲ ਜੋੜ | 470 |

**ਫੀਲਡ ਵਰਕਰਾਂ ਦੀ ਭਰਤੀ ਕਰਨ ਲਈ ਵਿਦਿਅਕ ਯੋਗਤਾਂਵਾਂ ਅਤੇ ਤਜਰਬਾ:**

**ਵਿਦਿਅਕ ਯੋਗਤਾ:** ਘੱਟੋ-ਘੱਟ ਅੱਠਵੀਂ ਪਾਸ ਹੋਵੇ ਅਤੇ ਪੰਜਾਬੀ ਲਿਖ-ਪੜ੍ਹ ਸਕਦਾ ਹੋਵੇ।

**ਉਮਰ:** 18 ਤੋਂ 37 ਸਾਲ ਅਤੇ ਰਾਖਵੇਂ ਕਰਨ ਵਿੱਚ ਪੰਜਾਬ ਸਰਕਾਰ ਪ੍ਰਸੋਨਲ ਅਤੇ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਉਮਰ ਛੋਟ ਦੇਣ ਯੋਗ ਹੋਵੇਗੀ।

**ਤਜਰਬਾ**

ਡੀ.ਡੀ.ਟੀ., ਮੈਲਾਥੀਨ, ਪੈਰੀਥਰਿਮ, ਬੀ.ਟੀ.ਆਈ., ਟੈਮੀਫਾਸ ਆਦਿ ਕੀਟਨਾਸਕ ਦਵਾਈਆਂ ਦੀ ਸਪਰੇ ਕਰਨ ਦਾ ਤਜਰਬਾ ਰੱਖਣ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇ।

**ਭਰਤੀ ਕਰਨ ਦੀਆਂ ਸਰਤਾਂ:**

1-ਉਕਾ-ਪੁੱਕਾ ਤਨਖਾਹ ਤੇ ਰੱਖਣ ਵਾਲੇ ਉਮੀਦਵਾਰਾਂ ਦੀ ਭਰਤੀ ਸਰਕਾਰ ਦੀਆਂ ਪ੍ਰਸੋਨਲ ਅਤੇ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ, ਰਾਖਵੇਂ ਨੀਤੀ ਅਨੁਸਾਰ ਕੀਤੀ ਜਾਵੇ।

2-ਫੀਲਡ ਵਰਕਰਾਂ ਦੀ ਭਰਤੀ ਕਰਨ ਲਈ ਜਿਲੇ ਵਿੱਚ ਪਬਲਿਕ ਥਾਂਵਾਂ ਅਤੇ ਸਿਹਤ ਸੰਸਥਾਂਵਾਂ ਤੇ ਨੋਟਿਸ ਚਿਪਕਾਇਆ ਜਾਵੇ। ਇਸਤੋਂ ਇਲਾਵਾ ਵਾਕ-ਇਨ-ਇੰਟਰਵਿਊ ਲਈ ਮਿਤੀ **29 ਜੁਲਾਈ, 2011, ਸਵੇਰੇ 10-00 ਵਜੇ** ਨਿਸਚਿਤ ਕੀਤੀ ਗਈ ਹੈ, ਜਿਸਦਾ ਵਿਗਿਆਪਨ ਸਟੇਟ ਪੱਧਰ ਤੇ ਪ੍ਰਚੱਲਤ ਅਖਬਾਰਾਂ ਵਿੱਚ ਜਾਰੀ ਕਰਵਾਇਆ ਜਾਵੇਗਾ ਅਤੇ ਭਰਤੀ ਸਬੰਧੀ ਸਰਤਾਂ ਸਿਹਤ ਵਿਭਾਗ ਦੀਆਂ ਵੈਬ-ਸਾਇਟ **www. pbhealth.gov.in** ਤੇ ਵੇਖੀਆਂ ਜਾ ਸਕਦੀਆਂ ਹਨ।

3-ਫੀਲਡ ਵਰਕਰ ਦੀ ਆਸਾਮੀ ਤੇ ਨਿਯੁਕਤ ਹੋਣ ਵਾਲਾ ਉਮੀਦਵਾਰ ਸਬੰਧਤ ਜਿਲੇ ਦਾ ਵਸਨੀਕ ਹੋਵੇ।

ਚਲਦਾ-3-

4-ਭਰਤੀ ਕਰਨ ਲਈ ਹੇਠ ਲਿਖੀ ਵਿਧੀ ਅਪਣਾਈ ਜਾਵੇ:-

<u>ਕੁੱਲ ਅੰਕ: 50</u>

| | | | | |
|---|---|---|---|---|
| ਵਿਦਿਅਕ ਯੋਗਤਾ | 20 | | | |
| ਤਜਰਬਾ ਅਤੇ ਤਜਰਬੇ ਦੇ ਨੰਬਰ: ਡੀ.ਡੀ.ਟੀ., ਮੈਲਾਥੀਨ, ਪੈਰੀਥਰਿਮ, ਬੀ.ਟੀ.ਆਈ., ਟੈਮੀਫਾਸ ਆਦਿ ਕੀਟਨਾਸਕ ਦਵਾਈਆਂ ਦੀ ਸਪਰੇ ਕਰਨ ਦਾ ਤਜਰਬਾ ਅਤੇ ਇਸਦੇ ਨੰਬਰ | 1-ਸਾਲ | 2-ਸਾਲ | 3-ਸਾਲ | 4-ਸਾਲ ਅਤੇ ਇਸਤੋਂ ਵੱਧ |
| | 05 | 10 | 15 | 20 |
| | ਤਜਰਬੇ ਦੇ ਕੁੱਲ ਨੰਬਰ: 20 | | | |
| ਇੰਟਰਵਿਊ | 10 | | | |

2-ਮਾਨਯੋਗ ਪੰਜਾਬ ਅਤੇ ਹਰਿਆਣਾ ਕੋਰਟ ਵਲੋਂ ਪਹਿਲਾਂ ਵਿਭਾਗ ਵਲੋਂ ਉੱਕਾ-ਪੁੱਕਾ ਤਨਖਾਹ ਅਤੇ ਚਾਰ ਅਤੇ ਸਾਢੇ ਚਾਰ ਮਹੀਨੇ ਲਈ ਕੰਮ ਕਰ ਚੁੱਕੇ ਸੀਜਨਲ ਸਪਰੇ ਸਟਾਫ ਵਲੋਂ ਦਾਇਰ ਰਿੱਟ ਪਟੀਸਨਾਂ ਵਿੱਚ ਦਿੱਤੇ ਗਏ ਫੈਸਲੇ, ਲੇਬਰ ਕੋਰਟ ਵਿੱਚ ਦਾਇਰ ਕੀਤੀਆਂ ਪਟੀਸਨਾਂ, ਵਿਭਾਗ ਵਲੋਂ ਜਾਰੀ ਕੀਤੀ ਸਪਰੇ ਪਾਲਿਸੀ ਨੂੰ ਮੁੱਖ ਰੱਖ ਕੇ ਹੀ ਭਰਤੀ ਕੀਤੀ ਜਾਵੇ, ਕਿਉਂਕਿ ਉੱਕਾ ਪੁੱਕਾ ਤਨਖਾਹ ਤੇ ਬਹੁਤ ਸਾਰੇ ਕੰਮ ਕਰ ਚੁੱਕੇ ਵਿਅਕਤੀਆਂ ਵਲੋਂ ਮਾਨਯੋਗ ਅਦਾਲਤਾਂ ਵਿੱਚ ਇਹ ਪਟੀਸਨਾਂ ਦਾਇਰ ਕੀਤੀਆਂ ਸਨ ਅਤੇ ਕੀਤੀਆਂ ਹੋਈਆਂ ਹਨ ਕਿ ਉਹਨੂੰ ਵਿਭਾਗ ਵਿੱਚ ਰੈਗੂਲਰ ਆਸਾਮੀਆਂ ਤੇ ਨਿਯੁਕਤ ਕੀਤਾ ਜਾਵੇ।

3-ਭਰਤੀ ਜਿਲੇ ਦੇ ਸਿਵਲ ਸਰਜਨ ਵਲੋਂ ਇੱਕ ਕਮੇਟੀ ਗਠਿਤ ਕਰਕੇ ਬਿਲਕੁਲ ਆਰਜੀ ਤੌਰ ਤੇ, ਉੱਕਾ-ਪੁੱਕਾ ਤਨਖਾਹ 3842/-ਰੁਪਏ ਪ੍ਰਤਿਮਹੀਨਾਂ ਅਤੇ ਨਿਰਧਾਰਤ ਸਮੇਂ (ਜੁਲਾਈ ਤੋਂ ਨਵੰਬਰ,2011 ਤੱਕ) ਕੀਤੀ ਜਾਵੇ।

4- ਉੱਕਾ-ਪੁੱਕਾ ਤਨਖਾਹ ਅਤੇ ਨਿਰਧਾਰਤ ਸਮੇਂ ਲਈ ਰੱਖੇ ਗਏ ਉਮੀਦਵਾਰ ਨੂੰ ਜਿਲੇ ਦੇ ਸਬੰਧਤ ਸਿਵਲ ਸਰਜਨ ਵਲੋਂ ਬਿਨ੍ਹਾਂ ਕਿਸੇ ਨੋਟਿਸ ਜਾਰੀ ਕੀਤਿਆਂ, ਉਸਦਾ ਨਿਰਧਾਰਤ ਸਮਾਂ (ਜੁਲਾਈ,2011 ਤੋਂ ਨਵੰਬਰ, 2011 ਤੱਕ) ਘਟਾਇਆ ਜਾ ਸਕਦਾ ਹੈ।

5- ਸਬੰਧਤ ਭਰਤੀ ਕੀਤੇ ਉਮੀਦਵਾਰ ਦੀਆਂ ਸੇਵਾਂਵਾਂ ਖਤਮ ਕਰਨ ਲਈ ਕਿਸੇ ਕਿਸਮ ਦਾ ਕੋਈ ਨੋਟਿਸ ਨਹੀਂ ਦਿੱਤਾ ਜਾਵੇਗਾ ਅਤੇ ਬਿਨ੍ਹਾਂ ਕੋਈ ਕਾਰਨ ਦੱਸੇ ਖਤਮ ਕੀਤੀਆਂ ਜਾ ਸਕਣਗੀਆਂ।

**6-ਸਿਵਲ ਸਰਜਨ ਚੁਣੇ ਗਏ ਉਮੀਦਵਾਰ ਤੋਂ ਸਵੈ-ਘੋਸਣਾ ਪੱਤਰ ਲੈ ਕੇ ਹੀ ਡਿਊਟੀ ਤੇ ਹਾਜਰ ਇਸ ਸਰਤ ਕਰਾਉਣਗੇ ਕਿ ਸਬੰਧਤ ਉਮੀਦਾਵਾਰ ਨਿਰਧਾਰਤ ਸਮੇਂ ਦਾ ਸੀਜਨਲ ਸਪਰੇ ਕੰਮ ਖਤਮ ਹੋਣ ਤੋਂ ਬਾਅਦ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਕਿਸੇ ਵੀ ਆਸਾਮੀ ਤੇ ਰੈਗੂਲਰ ਤੌਰ ਤੇ ਨਿਯੁਕਤ ਹੋਣ ਦਾ ਦਾਅਵਾ ਨਹੀਂ ਕਰੇਗਾ ਅਤੇ ਨਾਂ ਹੀ ਕੋਈ ਕਾਨੂੰਨੀ ਕਾਰਵਾਈ/ਲੀਗਲ ਨੋਟਿਸ ਆਦਿ ਦੇਵੇਗਾ, ਕਿਉਂਕਿ ਇਹ ਸੇਵਾਂਵਾਂ ਕੇਵਲ ਨਿਸਚਿਤ ਸਮੇਂ ਲਈ ਅਤ ਸਪਰੇ ਕਰਾਉਣ ਲਈ ਉੱਕਾ-ਪੁੱਕਾ ਤਨਖਾਹ ਤੇ ਹੀ ਲਈਆਂ ਜਾ ਰਹੀਆਂ ਹਨ।**

7-ਉੱਕਾ-ਪੁੱਕਾ ਤਨਖਾਹ ਅਤੇ ਨਿਰਧਾਰਤ ਸਮੇਂ ਲਈ ਨਿਯੁਕਤ ਉਮੀਦਾਵਾਰ ਨੂੰ ਕਿਸੇ ਰੈਗੂਲਰ ਆਸਾਮੀ ਤੇ ਰੈਗੂਲਰ ਆਧਾਰ ਤੇ ਨਿਯੁਕਤ ਹੋਣ ਦਾ ਹੱਕਦਾਰ ਨਹੀਂ ਸਮਝਿਆ ਜਾਵੇਗਾ।

8-ਜੇਕਰ ਚੁਣੇ ਗਏ ਉਮੀਦਵਾਰ ਨੂੰ ਉਪਰੋਕਤ ਵਰਨਣ ਕੀਤੀਆਂ ਸਰਤਾਂ ਪ੍ਰਵਾਨ ਹੋਣਗੀਆਂ, ਤਾਂ ਹੀ ਉਸਨੂੰ ਸਬੰਧਤ ਜਿਲੇ ਦਾ ਸਿਵਲ ਸਰਜਨ ਡਿਊਟੀ ਤੇ ਹਾਜਰ ਕਰਾਉਣ ਲਈ ਯੋਗ ਸਮਝੇਗਾ।

ਚਲਦਾ-4-

**9-ਜਿਲੇ ਦਾ ਸਿਵਲ ਸਰਜਨ ਫੀਲਡ ਵਰਕਰ(ਗਰੁੱਪ-ਡੀ) ਦੀ ਭਰਤੀ ਲਈ ਗਠਿਤ ਕੀਤੀ ਕਮੇਟੀ ਦੀ ਸੂਚੀ ਸਟੇਟ ਹੈਡਕੁਆਰ ਤੇ ਭੇਜਣਗੇ ਅਤੇ ਭਰਤੀ ਲਈ ਆਏ ਉਮੀਦਵਾਰਾਂ ਦੀ ਮੈਰਿਟ ਲਿਸਟ ਦਸਤੀ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ ਕੋਲੋਂ ਪ੍ਰਵਾਨ ਕਰਾਉਣਾ ਯਕੀਨੀ ਬਣਾਉਣਗੇ।**

ਉਪਰੋਕਤ ਮਾਮਲੇ ਨੂੰ ਰਾਸਟਰੀ ਵੈਕਟਰ ਬੋਰਨ ਡਜੀਜ ਕੰਟਰੋਲ ਪ੍ਰੋਗਰਾਮ ਅਤੇ ਲੋਕ ਹਿੱਤ ਵਿੱਚ ਅਤਿ ਜਰੂਰੀ ਅਤੇ ਸਮਾਂ-ਬੱਧ ਸਮਝਦੇ ਹੋਏ, ਤੁਰੰਤ ਕਾਰਵਾਈ ਕਰਨ ਉਪਰੰਤ, ਇਸ ਦਫਤਰ ਨੂੰ ਵੀ ਸੂਚਿਤ ਕਰਨਾਂ ਯਕੀਨੀ ਬਣਾਇਆ ਜਾਵੇ। ਜਿਥੋਂ ਤੀਕ ਨਿਯੁਕਤ ਕੀਤੇ ਜਾਣ ਵਾਲੇ ਫੀਲਡ ਵਰਕਰਾਂ (ਗਰੁੱਪ-ਡੀ) ਨੂੰ ਉਕਾ-ਪੁੱਕਾ ਤਨਖਾਹ ਦੇਣ ਦਾ ਸਬੰਧ ਹੈ, ਇਸ ਸਬੰਧੀ ਨਿਯੁਕਤ ਕੀਤੇ ਗਏ ਵਰਕਰਾਂ ਦੀ ਗਿਣਤੀ ਦੱਸ ਕੇ, ਲੋੜੀਂਦੇ ਬਜਟ ਦੀ ਤਜਵੀਜ ਮੁਕੰਮਲ ਰੂਪ ਵਿੱਚ ਬਣਾ ਕੇ ਅਤੇ ਲੇਖਾ ਮੱਦਾ ਦੱਸਦੇ ਹੋਏ, ਇਸ ਦਫਤਰ ਦੀ ਬਜਟ ਸਾਖਾ ਨੂੰ ਭੇਜੀ ਜਾਵੇ, ਤਾਂ ਜੋ ਉਹਨਾਂ ਦੀ ਤਨਖਾਹ ਦੀ ਅਦਾਇਗੀ ਲਈ ਲੋੜੀਂਦੇ ਫੰਡਜ ਮੁਹੱਈਆ ਕਰਵਾਏ ਜਾ ਸਕਣ।

ਨੱਥੀ:ਉਪਰੋਕਤ ਅਨੁਸਾਰ

M. [signature] 21/7/11

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਪਿ.ਅੰ.ਨੰ:ਈਸੀਸੀਡੀ/ਈ-2-ਪੰ-2011/5184-87 ਮਿਤੀ,ਚੰਡੀਗੜ੍ਹ 21-7-2011

ਉਪਰੋਕਤ ਦਾ ਉਤਾਰਾ ਸਹਿ-ਪੱਤਰਾਂ ਸਮੇਤ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1- ਸੰਯੁਕਤ ਕੰਟਰੋਲਰ(ਵਿੱਤ ਤੇ ਲੇਖਾ)(ਬਜਟ ਸਾਖਾ), ਡਾਇਰੈਕਟੋਰੇਟ ਸਿਹਤ ਤੇ ਪ.ਭ.ਪੰਜਾਬ, ਚੰਡੀਗੜ੍ਹ।
2- ਡਿਪਟੀ ਡਾਇਰੈਕਟਰ(ਅੰਕੜਾ)ਦਫਤਰ ਡ.ਸ.ਪ.ਭ.ਪੰਜਾਬ ਨੂੰ ਸਿਹਤ ਵਿਭਾਗ ਦੀ ਵੈਬ-ਸਾਇਟ ਤੇ ਤੁਰੰਤ ਪਾਉਣ ਲਈ।
3- ਸਟੇਟ ਐਪੀਡੀਮਾਲੋਜਿਸਟ।
4- ਸਹਾਇਕ ਯੂਨਿਟ ਅਫਸਰ (ਟੈਕਨੀਕਲ ਸਾਖਾ) ਨੂੰ ਉਹਨਾਂ ਵਲੋਂ ਮਿਤੀ 28-4-2011 ਨੂੰ ਭੇਜੀ ਗਈ ਤਜਵੀਜ ਦੇ ਹਵਾਲੇ ਵਿੱਚ।

ਨੱਥੀ:ਉਪਰੋਕਤ ਅਨੁਸਾਰ

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਪਿ.ਅੰ.ਨੰ:ਈਸੀਸੀਡੀ/ਈ-2-ਪੰ-2011/5188-89 ਮਿਤੀ,ਚੰਡੀਗੜ੍ਹ: 21-7-2011

ਇਸਦਾ ਇੱਕ ਉਤਾਰਾ:-

1- ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

2- ਵਧੀਕ ਸਕੱਤਰ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ (ਸਿਹਤ-4 ਸਾਖਾ) ਨੂੰ ਉਹਨਾਂ ਦੇ ਮੀਮੋ ਨੰ: 1/23/2011-3ਸਸ4/2268, ਮਿਤੀ 19-7-2011 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ।